# ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਸੰਗਰੂਰ

ਵੱਲ-

ਪ੍ਰਿੰਸੀਪਲ,

ਸਸਸਸ ਨੱਥੂ ਮਾਜਰਾ ,

ਜ਼ਿਲਾ ਸੰਗਰੂਰ ।

ਪੱਤਰ ਨੰ. ਜ-1( )/2019-20/ਪੜਤਾਲ / 923

ਮਿਤੀ ਸੰਗਰੂਰ 11.06.2019

ਵਿਸ਼ਾ- ਸ਼ਿਕਾਇਤ ਦੀ ਪੜ੍ਹਤਾਲ ਕਰਨ ਸਬੰਧੀ ।

ਵਿਸ਼ਾ ਅੰਕਿਤ ਹਵਾਲਾ ਅਧੀਨ ਪ੍ਰਾਪਤ ਹੋਈ ਸ਼ਿਕਾਇਤ ਦੀ ਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸ਼ਿਕਾਇਤ ਦੀ ਪੜ੍ਹਤਾਲ ਕਰਕੇ ਆਪਣੀ ਰਿਪੋਰਟ 2 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜੀ ਜਾਵੇ ।

ਨੱਥੀ- ਪ੍ਰਾਪਤ ਸ਼ਿਕਾਇਤ ਦੀ ਕਾਪੀ ।

11/6/19

ਜ਼ਿਲਾ ਸਿੱਖਿਆ ਅਫਸਰ (ਸੈ.ਸਿ)
ਸੰਗਰੂਰ 11/6/19

Scanned by CamScanner

475
5-6-19

ਜ-1 Rajbal
5.6.19

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ
ਮਾਲੇਰਕੋਟਲਾ-1

ਵਿਖੇ

ਜ਼ਿਲਾ ਸਿੱਖਿਆ ਅਫਸਰ
ਸੰਗਰੂਰ

ਪੱਤਰ ਨੰ: 796 (ਪੰ.ਅ) ਮਿਤੀ: 04/6/19

ਵਿਸ਼ਾ:- **ਚੇਅਰਮੈਨ,ਸਕੂਲ ਮੈਨੇਜਮੈਂਟ ਕਮੇਟੀ ਬਿੰਜੋਕੀ ਕਲਾਂ ਨੂੰ ਗਰਾਂਮ ਪੰਚਾਇਤ ਬਿੰਜੋਕੀ ਖੁਰਦ ਦੀ ਹਦੂਦ ਅੰਦਰ ਬਣੇ ਸਕੂਲ ਵਿੱਚ ਜਬਰਦਸਤੀ ਮਿਲੀ ਗਰਾਂਟ ਨਾਲ ਉਸਾਰੀ ਕਰਨ ਤੋਂ ਰੋਕਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਗਰਾਮ ਪੰਚਾਇਤ ਬਿੰਜੋਕੀ ਖੁਰਦ ਵੱਲੋ ਲਿਖਤੀ ਦਰਖਾਸਤ ਇਸ ਦਫਤਰ ਵਿਖੇ ਪੇਸ਼ ਕੀਤੀ ਗਈ ਹੈ ਕਿ ਗਰਾਂਮ ਪੰਚਾਇਤ ਬਿੰਜੋਕੀ ਖੁਰਦ ਦੀ ਹਦੂਦ ਅੰਦਰ ਸਰਕਾਰੀ ਹਾਈ ਸਕੂਲ ਬਣਿਆਂ ਹੋਇਆਂ ਹੈ।ਜਿਸ ਵਿੱਚ ਪਿਛਲੇ ਸਮੇਂ ਤੋਂ ਪਿੰਡ ਬਿੰਜੋਕੀ ਕਲਾਂ ਅਤੇ ਬਿੰਜੋਕੀ ਖੁਰਦ ਦੇ ਬੱਚੇ ਪੜਦੇ ਆ ਰਹੇ ਹਨ ਅਤੇ ਪਿੰਡ ਬਿੰਜੋਕੀ ਕਲਾਂ ਨੇ ਆਪਣੇ ਹਦੂਦ ਦੇ ਅੰਦਰ ਸਕੂਲ ਦੀ ਬਿਲਡਿੰਗ ਬਨਾਉਣ ਲਈ ਕੋਈ ਯਤਨ ਨਹੀ ਕੀਤਾ ਗਿਆ।ਪਿੰਡ ਬਿੰਜੋਕੀ ਕਲਾਂ ਦੀ ਪੰਚਾਇਤ ਦੁਆਰਾ ਪਿੰਡ ਬਿੰਜੋਕੀ ਖੁਰਦ ਦੇ ਸਰਕਾਰੀ ਹਾਈ ਸਕੂਲ ਵਿੱਚ ਅਣਅਧਿਕਾਰਿਤ ਕਬਜਾ ਕਰਕੇ 04 ਕਮਰਿਆਂ ਨੂੰ ਜਬਰਦਸਤੀ ਆਪਦੇ ਅਧੀਨ ਕਰਕੇ ਪ੍ਰਾਇਮਰੀ ਸਕੂਲ ਲਈ ਦੁਰਵਰਤੋਂ ਵਿੱਚ ਵਰਤਿਆ ਜਾ ਰਹਾ ਹੈ,ਉਥੇ ਸਰਕਾਰੀ ਹਾਈ ਸਕੂਲ ਦੇ ਬੱਚੇ ਖੁੱਲੇ ਮੈਦਾਨ ਵਿੱਚ ਧੁੱਪ ਵਿੱਚ ਬੈਠਣ ਲਈ ਮਜਬੂਰ ਹਨ।ਹੁਣ ਵੀ ਸਕੂਲ ਵਿੱਚ ਪਿੰਡ ਬਿੰਜੋਕੀ ਕਲਾਂ ਦੀ ਪੰਚਾਇਤ ਅਤੇ ਸਕੂਲ ਮੈਨੇਜਮੈਂਟ ਕਮੇਟੀ ਕਮਰਿਆਂ ਦੀ ਤੋੜ ਫੋੜ ਅਤੇ ਉਸਾਰੀ ਕਰ ਰਹੀ ਹੈ।

ਸੋ ਆਪ ਨੂੰ ਇਸ ਪੱਤਰ ਰਾਂਹੀ ਬੇਨਤੀ ਕੀਤੀ ਜਾਂਦੀ ਹੈ ਕਿ ਦੋਵੇਂ ਪਿੰਡਾਂ ਦੀਆਂ ਗਰਾਂਮ ਪੰਚਾਇਤਾਂ ਦੇ ਇਸ ਸਕੂਲ ਸਬੰਧੀ ਰੋਜਾਨਾ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਕਾਰਨ ਬੱਚਿਆਂ ਦੀ ਪੜਾਈ ਦਾ ਨੁਕਸਾਨ ਹੋ ਰਿਹਾ ਹੈ।ਇਸ ਲਈ ਉਕਤ ਪ੍ਰਾਪਤ ਹੋਈ ਸ਼ਿਕਾਇਤ ਦਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ ਜੀ।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ
ਮਾਲੇਰਕੋਟਲਾ-1

Scanned by CamScanner

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,
ਮਲੇਰਕੋਟਲਾ-1

:- **ਚੇਅਰਮੈਨ,ਸਕੂਲ ਮੈਨੇਜਮੈਂਟ ਕਮੇਟੀ,ਬਿੰਜੋਕੀ ਕਲਾਂ ਨੂੰ ਗਰਾਮ ਪੰਚਾਇਤ,ਬਿੰਜੋਕੀ ਖੁਰਦ ਦੀ ਹਦੂਦ ਅੰਦਰ ਬਣੇ ਸਕੂਲ ਵਿੱਚ ਜਬਰਦਸਤੀ ਮਿਲੀ ਗਰਾਂਟ ਨਾਲ ਉਸਾਰੀ ਕਰਨ ਤੋ ਰੋਕਣ ਸਬੰਧੀ ਬਿਨੈ ਪੱਤਰ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪਜੀ ਦੀ ਸੇਵਾ ਵਿਚ ਅਸੀਂ ਸਮੂੰਹ ਪੰਚ ਅਤੇ ਸਰਪੰਚ ਆਪਜੀ ਨੂੰ ਬੇਨਤੀ ਕਰਦੇ ਹਾਂ ਕਿ ਅਸੀ ਗਰਾਮ ਪਚੰਾਇਤ, ਬਿੰਜੋਕੀ ਖੁਰਦ ਦੇ ਵਸਨੀਕ ਹਾਂ ਜਿਸਦਾ ਵੱਖਰਾ ਹੱਦਬਸਤ ਨੰਬਰ 51 ਹੈ ਅਤੇ ਇਹ ਪੰਚਾਇਤ ਬਲਾਕ ਮਲੇਰਕੋਟਲਾ-1 ਦੀ ਹਦੂਦ ਅੰਦਰ ਪੈਦੀ ਹੈ ਦੇ ਰਹਿਣ ਵਾਲੇ ਹਾਂ ਅਤੇ ਅਮਨ ਪਸੰਦ ਵਿਅੱਕਤੀ ਹਾਂ।

ਸਾਡੀ ਗਰਾਮੰ ਪੰਚਾਇਤ ਦੇ ਨਾਲ ਹੀ ਗਰਾਮ ਪੰਚਾਇਤ, ਬਿੰਜੋਕੀ ਕਲਾਂ ਸਥਾਪਤ ਹੈ ਜਿਸਦਾ ਹੱਦ ਬਸਤ ਨੰਬਰ 109/50 ਹੈ।ਪਿੱਛਲੇ ਸਮੇ ਤੋ ਬਿੰਜੋਕੀ ਕਲਾਂ ਦੇ ਬੱਚੇ ਸਾਡੇ ਪਿੰਡ ਦੇ ਸਕੂਲ ਦੇ ਹੱਦ ਅੰਦਰ ਬਣੇ ਸਕੂਲ ਵਿੱਚ ਹੀ ਪੜ੍ਹਦੇ ਆ ਰਹੇ ਹਨ ਅਤੇ ਪਿੰਡ ਬਿੰਜੋਕੀ ਕਲਾਂ ਨੇ ਆਪਣੇ ਹਦੂਦ ਦੇ ਅੰਦਰ ਸਕੂਲ ਦੀ ਬਿਲਡਿੰਗ ਬਨਾਉਣ ਲਈ ਕੋਈ ਯਤਨ ਨਹੀ ਕੀਤਾ ਗਿਆ ਅਤੇ ਉਹ ਆਪਣੀ ਜ਼ਮੀਨ ਸਿਖਿਆ ਖੇਤਰ ਨੂੰ ਦੇਣ ਦੀ ਬਜਾਏ ਇਸ ਜ਼ਮੀਨ ਤੋ ਸਹੀ ਲਾਭ ਨਹੀ ਲੈ ਰਹੇ।

ਬੀਤੇ ਸਮੇਂ ਜਦੋ ਅਸੀਂ ਚਾਹਿਆ ਕਿ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਜਿਆਦਾ ਹੋ ਗਈ ਹੈ,ਇਸ ਲਈ ਸਾਡੇ ਪਿੰਡ ਦਾ ਸਕੂਲ ਅੱਪ ਗਰੇਡ ਕਰਵਾਇਆ ਜਾਵੇ ।ਸਾਡੀ ਬੇਨਤੀ ਤੇ ਸਾਡੇ ਪਿੰਡ ਦੇ ਸਕੂਲ ਮਿੱਡਲ ਸਕੂਲ ਤੇ ਹੁਣ ਸ:ਹਾਈ ਸਕੂਲ, ਬਿੰਜੋਕੀ ਖੁਰਦ ਅੱਪ ਗਰੇਡ ਵੀ ਹੋ ਗਿਆ ਹੈ।ਸਕੂਲ ਅੱਪ ਗਰੇਡ ਹੋਣ ਕਰਕੇ ਇਸ ਬਿਲਡਿੰਗ ਲਈ ਜਗ੍ਹਾ ਵੀ ਪੂਰੀ ਹੋਣੀ ਚਾਹੀਦੀ ਹੈ ਤਾਂ ਜ਼ੋ ਲੋੜ ਅਨੁਸਾਰ ਹੋਰ ਬਿਲਡਿੰਗ ਆਦਿ ਬਣ ਸਕੇ। ਇਸੀ ਵਜ੍ਹਾ ਕਰਕੇ ਜਦੋ ਸਾਡੇ ਪਿੰਡ ਦੇ ਲੋਕਾਂ ਨੇ ਗਰਾਮ ਪੰਚਾਇਤ, ਬਿੰਜੋਕੀ ਕਲਾਂ ਦੇ ਵਸਨੀਕਾਂ ਨੂੰ ਸਕੂਲ ਅੱਪ ਗਰੇਡ ਹੋਣ ਤੋ ਪਹਿਲਾ ਆਪਣੀ ਹਦੂਦ ਦੇ ਅੰਦਰ ਸਕੂਲ ਦੀ ਉਸਾਰੀ ਕਰਨ ਲਈ ਕਿਹਾ ਤਾਂ ਉਨ੍ਹਾਂ ਲੋਕਾਂ ਨੇ ਝਗੜਾ ਕਰਨਾਂ ਸ਼ੁਰੂ ਕਰ ਦਿੱਤਾ ਅਤੇ ਜਬਰਦਸਤੀ ਸਾਡੇ ਸਕੂਲ ਤੇ ਹੱਕ ਜਿਤਾਉਣ ਲੱਗ ਪਏ।ਉਸ ਸਮੇ ਅਸੀਂ ਪੰਚਾਇਤ ਦੇ ਸਰਪੰਚ ਜਾਂ ਪੰਚ ਨਹੀ ਸੀ।

ਗਰਾਮ ਪੰਚਾਇਤ, ਬਿੰਜੋਕੀ ਕਲਾਂ ਨੇ ਆਪਣੀ ਸਿਆਸੀ ਅਸਰ ਰਸੂਖ ਦੀ ਵਰਤੋ ਕਰਦਿਆ ਉਸ ਸਮੇ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲੇਰਕੋਟਲਾ-1 ਸ੍ਰੀ ਪ੍ਰਦੀਪ ਸਾਰਦਾ ਰਾਂਹੀਂ ਸਾਡੇ ਪਿੰਡ ਦੀ ਗਰਾਮ ਪੰਚਾਇਤ ਤੇ ਦਬਾਓ ਬਨਾਉਣਾਂ ਸ਼ੁਰੂ ਕਰ ਦਿੱਤਾ ਸੀ ਅਤੇ ਗਰਾਮ ਪੰਚਾਇਤ ਬਿੰਜੋਕੀ ਕਲਾਂ, ਅਤੇ ਬੀ.ਡੀ.ਪੀ.ਓ ਮਲੇਰਕੋਟਲਾ-1 ਸ੍ਰੀ ਪ੍ਰਦੀਪ ਸਾਰਦਾ ਜੀ ਨੇ ਇਕ ਸੋਚੀ ਸਮਝੀ ਸਾਜਸ ਅਤੇ ਸਿਆਸੀ ਦਬਾਉ ਦੇ ਅਧੀਨ ਦੋਵੇ ਗਰਾਮ ਪੰਚਾਇਤ ਦੀ ਤਰਫੋ ਇਕ

Scanned with CamScanner

Scanned by CamScanner

ਸਾਂਝਾ ਮਤਾ ਗਰਾਮ ਪੰਚਾਇਤ,ਬਿੰਜੋਕੀ ਖੁਰਦ ਦੀ ਕਾਰਵਾਈ ਰਜਿਸਟਰ ਵਿਚ ਮਿਤੀ 26.12.2013 ਨੂੰ ਦਰਜ ਕਰਵਾ ਦਿਤਾ ਜਿਸ ਵਿਚ ਉਨਾ ਨੇ ਲਿਖਵਾਇਆ ਕਿ ਜੋ ਸਕੂਲ ਮਿਡਲ ਸਕੂਲ ਬਿੰਜੋਕੀ ਅਤੇ ਪ੍ਰਾਇਮਰੀ ਸਕੂਲ ਬਿੰਜੋਕੀ ਖੁਰਦ ਅਤੇ ਸ.ਪ੍ਰਾਇਮਰੀ ਸਕੂਲ ਬਿੰਜੋਕੀ ਕਲਾਂ ਇਕੋ ਥਾਂ ਤੇ ਸਥਿਤ ਹਨ,ਇਹ ਤਿੰਨੇ ਸਕੂਲਾਂ ਦੇ ਟੀਚਰ ਆਪਸ ਵਿਚ ਬਿਜਲੀ ਦੇ ਬਿੱਲ ਪਿੱਛੇ ਤੇ ਬਿਜਲੀ ਵਰਤਣ ਅਤੇ ਪਾਣੀ ਦੇ ਬਿਲ ਅਤੇ ਪਾਣੀ ਵਰਤਣ ਵਾਸਤੇ ਹਰ ਰੋਜ਼ ਟੀਚਰਾਂ ਵਿਚ ਬਿਲ ਭਰਨ ਕਰਕੇ ਹਰ ਰੋਜ਼ ਲੜਾਈ ਝਗੜਾ ਰਹਿੰਦਾ ਹੈ,ਕਈ ਵਾਰ ਉਚ ਅਧਿਕਾਰੀਆਂ ਵਲੋ ਇਹਨਾਂ ਟੀਚਰਾ ਨੂੰ ਸਮਝਾਇਆ ਗਿਆ ਹੈ ਪਰ ਇਹਨਾਂ ਦੀ ਉਪਰੋਕਤ ਬਿਜਲੀ ਬਿਲ, ਪਾਣੀ ਬਿਲ ਭਰਨ ਦੀ ਸਿਕਾਇਤ ਹਮੇਸਾ ਹੀ ਰਹਿੰਦੀ ਹੈ।ਇਸ ਲਈ ਦੋਵੇ ਗਰਾਮ ਪੰਚਾਇਤ ਵਲੋ ਮੀਟਿੰਗ ਸਾਂਝੀ ਕਰਕੇ ਸਕੂਲ ਦੀ ਬਿਲਡਿੰਗ ਨੂੰ ਵਰਤਣ ਸਬੰਧੀ ਜਮਾਤਾਂ ਕਮਰਿਆਂ ਵਿਚ ਲਾਗੂਣ ਲਈ ਹੇਠ ਲਿਖੇ ਅਨੁਸਾਰ ਤਿੰਨੇ ਸਕੂਲਾਂ ਨੂੰ ਬਿਲਡਿੰਗ ਅਲਾਟ ਕੀਤੀ ਜਾਂਦੀ ਹੈ।

1. ਸ.ਮਿਡਲ ਸਕੂਲ ਬਿੰਜੋਕੀ ਖੁਰਦ ਅਤੇ ਸ.ਪ੍ਰਾਇਮਰੀ ਸਕੂਲ ਬਿੰਜੋਕੀ ਖੁਰਦ ਨੂੰ ਜੋ ਬਿੰਜੋਕੀ ਖੁਰਦ ਵਾਲੇ ਪਾਸੇ ਜੋ ਬਿਲਡਿੰਗ ਹੈ, ਉਹ ਸਾਰੀ ਇਹ ਦੋਵੇ ਸਕੂਲ ਇਸ ਬਿਲਡਿੰਗ ਵਿਚ ਬੱਚਿਆਂ ਦੀਆਂ ਕਲਾਸਾਂ,ਦਫਤਰ,ਰਸੋਈ,ਬਰਾਂਡਾ ਆਦਿ ਨੂੰ ਵਰਤਣਗੇ ਅਤੇ ਜੋ ਬਿੰਜੋਕੀ ਕਲਾਂ ਪਿੰਡ ਵਾਲੇ ਪਾਸੇ ਜੋ ਬਿਲਡਿੰਗ ਹੈ, ਉਹ ਪ੍ਰਾਇਮਰੀ ਸਕੂਲ ਬਿੰਜੋਕੀ ਕਲਾਂ ਨੂੰ ਵਰਤਣ ਵਾਸਤੇ ਅਲਾਟ ਕੀਤੀ ਗਈ ਹੈ।ਇਸ ਸਕੂਲ ਪ੍ਰਾਇਮਰੀ ਵਿਚ ਬਿਜਲੀ ਬਿਲ ਅਤੇ ਪਾਣੀ ਦਾ ਪ੍ਰਬੰਧ ਗਰਾਮ ਪੰਚਾਇਤ ਬਿੰਜੋਕੀ ਕਲਾਂ ਵਲੋ ਕੀਤੇ ਜਾਣ।ਇਸ ਮਤੇ ਦੀ ਕਾਰਵਾਈ ਤੁਰੰਤ ਲਾਗੂ ਕੀਤੀ ਜਾਵੇਗੀ। ਇਸ ਮਤੇ ਦੀ ਕਾਪੀ ਬੀ.ਡੀ.ਪੀ.ਓ ਮਲੇਰਕੋਟਲਾ-1 ਜੀ ਨੂੰ ਪੇਸ਼ ਹੈ ।ਮਤਾ ਦੋਵਾਂ ਸਰਪੰਚਾਂ ਅਤੇ ਪੰਚਾਇਤ ਮੈਬਰਾਂ ਦੀ ਸਰਬਸੰਮਤੀ ਨਾਲ ਪਾਸ ਕੀਤਾ ।ਮਤਾ ਪ੍ਰਵਾਨ ਹੈ।( ਮਤੇ ਦੀ ਫੋਟੋ ਕਾਪੀ ਨਾਲ ਨੱਥੀ ਹੈ )

ਇਹ ਮਤਾ ਕਾਰਵਾਈ ਰਜਿਸਟਰ ਵਿਚ ਦਰਜ਼ ਕਰ ਦਿੱਤਾ ਗਿਆ ਸੀ।

2. ਇਸ ਮਤੇ ਦੀ ਕਾਪੀ ਬੀ.ਡੀ.ਪੀ.ਓ ਮਲੇਰਕੋਟਲਾ-1 ਵਲੋ ਪ੍ਰਾਪਤ ਕਰਨ ਤੇ ਉਨਾ ਨੇ ਦੋਵੇ ਹੈਡ ਟੀਚਰਾਂ ਨੂੰ ਸੰਬੋਧਤ ਪੱਤਰ ਨੰਬਰ 2204 ਮਿਤੀ 14.1.2014 ਰਾਂਹੀਂ ਇਹ ਆਦੇਸ਼ ਜਾਰੀ ਕਰ ਦਿਤਾ ਕਿ ਇਸ ਮਤੇ ਮੁਤਾਬਿਕ ਆਪਣੀ ਬਿਲਡਿੰਗ ਵਿੱਚ ਸਿਫਟ ਕਰ ਲਿਆ ਜਾਵੇ। ਪੱਤਰ ਦੀ ਫੋਟੋ ਕਾਪੀ ਨੱਥੀ ਹੈ।

ਜਦੋ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲੇਰਕੋਟਲਾ-1 ਵਲੋ ਇਹ ਪੱਤਰ ਜਾਰੀ ਕਰਨ ਤੇ ਪਿੰਡ ਬਿੰਜੋਕੀ ਖੁਰਦ ਦੇ ਲੋਕਾਂ ਨੂੰ ਪਤਾ ਲੱਗਾ ਤਾਂ ਪਿੰਡ ਦੇ ਵਸਨੀਕਾਂ ਨੇ ਇਸ ਪੱਤਰ ਦੇ ਵਿਰੋਧ ਵਿੱਚ ਸਕੂਲ ਦੇ ਅੱਗੇ ਧਰਨਾਂ ਲਗਾ ਦਿੱਤਾ ਸੀ।ਸ੍ਰੀ ਸਾਰਦਾ ਜੀ ਉਸ ਸਮੇ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਲੇਰਕੋਟਲਾ-1 ਮੌਕੇ ਤੇ ਆਏ ਅਤੇ ਉਸਨੇ ਭਰੋਸਾ ਦਿਤਾ ਸੀ ਕਿ ਉਸ ਵਲੋ ਜੋ ਪੱਤਰ ਜਾਰੀ ਕੀਤਾ ਗਿਆ ਹੈ ਉਹ ਵਾਪਿਸ ਲੈ ਲਿਆ ਜਾਵੇਗਾ।ਇਸ ਤਰਾਂ ਲੋਕਾਂ ਨੇ ਬੀ.ਡੀ.ਪੀ.ਓ ਮਲੇਰਕੋਟਲਾ-1 ਦੇ ਭਰੋਸਾ ਦੇਣ ਤੋ ਬਾਅਦ ਧਰਨਾਂ ਚੱਕ ਲਿਆ ਸੀ।

Scanned by CamScanner

3. ਇਹ ਜਿਕਰ ਕਰਨਾਂ ਜਰੂਰੀ ਹੈ ਕਿ ਹੁਣੇ ਹੁਣੇ ਲੰਘੀਆ ਪੰਚਾਇਤ ਚੋਣਾਂ ਤੇ ਕੁਝ ਸਮਾਂ ਪਹਿਲਾ ਗਰਾਮ ਪੰਚਾਇਤ ਬਿੰਜੋਕੀ ਖੁਰਦ ਦੀ ਹੱਦ ਦੇ ਅੰਦਰ ਬਣੇ ਸਕੂਲ ਵਿਚ ਸਕੂਲ ਮਿਨੇਜਮਿੰਟ ਕਮੇਟੀ,ਬਿੰਜੋਕੀ ਕਲਾਂ ਵਲੋ ਜਬਰਦਸਤੀ ਬਰਾਂਡਾ ਪਾ ਕੇ ਗਰਾਂਟ ਖਰਚ ਦਿੱਤੀ ਤਾਂ ਜ਼ੋ ਉਹ ਇਹ ਸਾਬਤ ਕਰ ਸੱਕਣ ਕਿ ਆਉਣ ਵਾਲੇ ਸਮੇ ਵਿਚ ਕਿਸੇ ਵੀ ਝਗੜੇ ਸਮੇ ਉਹ ਇਹ ਕਹਿ ਸੱਕਣ ਕਿ ਬਿੰਜੋਕੀ ਖੁਰਦ ਵਿਚ ਸਕੂਲ ਵਿਚ ਪਹਿਲਾ ਵੀ ਗਰਾਟ ਖਰਚ ਹੋਈ ਸੀ ।ਇਸ ਤਰਾਂ ਉਨਾਂ ਦਾ ਇਹ ਸਰਾਸਰ ਧੱਕਾ ਸੀ।

<u>ਸਤਿਕਾਰ ਯੋਗ ਮੈਡਮ ਜੀਓ,</u>

ਅਸੀ ਆਪਜੀ ਦੇ ਧਿਆਨ ਵਿਚ ਇਹ ਗੱਲ ਲਿਆਉਣਾਂ ਚਾਹੁੰਦੇ ਹਾਂ ਕਿ :-

1. ਮਿਤੀ 26.12.2013 ਨੂੰ ਜ਼ੋ ਮਤਾ ਗਰਾਮ ਪੰਚਾਇਤ,ਬਿੰਜੋਕੀ ਖੁਰਦ ਦੀ ਕਾਰਵਾਈ ਰਜਿਸਟਰ ਵਿੱਚ ਦਰਜ਼ ਕੀਤਾ ਗਿਆ ਸੀ ਉਹ ਮਤਾ ਕੋਰਮ ਵਿਚ ਪਾਸ ਨਹੀ ਸੀ।ਗਰਾਮ ਪੰਚਾਇਤ ਬਿੰਜੋਕੀ ਖੁਰਦ ਦੇ ਸਰਪੰਚ ਤੋ ਇਲਾਵਾ ਸੱਤ ਪੰਚ ਸਨ ਅਤੇ ਕੁਲ ਅੱਠ ਮੈਬਰੀ ਪੰਚਾਇਤ ਸੀ ਅਤੇ ਇਸ ਮਤੇ ਉਪਰ ਸਰਪੰਚ ਤੋ ਇਲਾਵਾ ਤਿੰਨ ਪੰਚਾਂ ਦੇ ਦਸਤਖਤ ਹਨ।

2. ਗਰਾਮ ਪੰਚਾਇਤ, ਬਿੰਜੋਕੀ ਕਲਾਂ ਦੀ ਗਰਾਮ ਪੰਚਾਇਤ ਦੇ ਸਰਪੰਚ ਅਤੇ ਇਕ ਪੰਚ ਦੇ ਦਸਤਖਤ ਸਨ। ਇਸ ਤਰਾਂ ਗਰਾਮ ਪੰਚਾਇਤ, ਬਿੰਜੋਕੀ ਕਲਾਂ ਦਾ ਵੀ ਮਤਾ ਪਾਸ ਕਰਨ ਸਮੇ ਕੋਰਮ ਨਹੀ ਸੀ।

3. ਇਹ ਸਪੱਸਟ ਹੁੰਦਾ ਹਾਂ ਕਿ ਜਦੋ ਇਹ ਮਤਾ ਪਾਸ ਕੀਤਾ ਗਿਆ ਸੀ ਉਸ ਸਮੇ ਦੋਵੇ ਗਰਾਮ ਪਚੰਾਇਤਾਂ ਦਾ ਕੋਰਮ ਪੂਰਾ ਨਹੀ ਸੀ।

4. ਇਹ ਮਤਾ ਪਾਸ ਕਰਨ ਤੋ ਪਹਿਲਾ ਪੰਚਾਇਤ ਸਕੱਤਰ / ਸਰਪੰਚ ਦੋਵਾਂ ਪੰਚਾਇਤਾ ਵਲੋ ਦੀ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 23 (1) ਤਹਿਤ ਕੋਈ ਨੋਟਿਸ ਅਜੰਡਾ ਜਾਰੀ ਨਹੀ ਕੀਤਾ ਗਿਆ ਸੀ ਜ਼ੋ ਕਿ ਕਾਨੂੰਨ ਦੀ ਪਹਿਲੀ ਨਜਰੇ ਇਹ ਮਤਾ ਆਪਣੇ ਆਪ ਹੀ ਰੱਦ ਹੋ ਜਾਂਦਾ ਹੈ।

5 ਜੇਕਰ ਅਜਿਹਾ ਕੋਈ ਮਸਲਾ ਸੀ ਤਾਂ ਗਰਾਮ ਪੰਚਾਇਤ, ਬਿੰਜੋਕੀ ਕਲਾਂ ਨੂੰ ਆਪਣੀ ਕਾਰਵਾਈ ਰਜਿਸਟਰ ਅਤੇ ਗਰਾਮ ਪੰਚਾਇਤ, ਬਿੰਜੋਕੀ ਖੁਰਦ ਨੂੰ ਆਪਣੀ ਕਾਰਵਾਈ ਰਜਿਸਟਰ ਵਿੱਚ ਵੱਖਰੇ ਤੌਰ ਤੇ ਮਤੇ ਦਰਜ਼ ਕਰਨੇ ਬਣਦੇ ਸਨ ਜ਼ੋ ਕਿ ਨਹੀ ਕੀਤੇ ਗਏ।

6. ਇਹ ਮਸਲਾ ਦੋਵੇ ਪਿੰਡਾਂ ਦੀਆ ਵੱਖਰੇ 2 ਤੌਰ ਤੇ ਗਰਾਮ ਸਭਾਵਾਂ ਵਿਚ ਪੇਸ਼ ਕਰਨਾਂ ਬਣਦਾ ਸੀ ਅਤੇ ਗਰਾਮ ਸਭਾ ਦੇ ਮੈਬਰਾਂ ਦੀ ਬਹੁ ਸੰਮਤੀ ਦੇ ਅਨੁਸਾਰ ਹੀ ਅਜਿਹਾ ਮਤਾ ਜੇਕਰ ਪਾਸ ਹੁੰਦਾ ਤਾਂ ਉਸਦੀ ਕੁਝ ਕਾਨੂੰਨੀ ਮਹਾਨਤਾ ਬਣਦੀ ਸੀ ।

( ੳ ) ਹੁਣ ਸਾਨੂੰ ਭਰੋਸੇ ਯੋਗ ਸੂਤਰਾਂ ਤੋ ਪਤਾ ਲੱਗਾ ਹੈ ਕਿ ਮਹਿਕਮੇ ਨੂੰ ਆਪਣੇ ਉਪਰ ਕਿਸੇ ਕਾਰਵਾਈ ਤੋ ਬਚਣ ਲਈ ਦੋਵੇ ਗਰਾਮ ਪੰਚਾਇਤਾਂ ਦੇ ਸਰਪੰਚਾਂ / ਪੰਚਾਂ ਨੂੰ ਡਰਾ ਧਮਕਾਕੇ ਜਾਂ ਗਲਤੀ ਬਿਆਨੀਂ ਕਰਕੇ ਇਸ ਮਤੇ ਦੇ ਉਪਰ ਦਸਤਖਤ ਕਰਵਾ ਲਏ ਹਨ ਜਦੋ ਕਿ ਜ਼ੋ ਮਤਾ ਸਾਨੂੰ ਦਿੱਤਾ

Scanned with CamScanner

Scanned by CamScanner

ਗਿਆ ਸੀ ਉਸ ਮਤਾ ਕੋਰਮ ਵਿਚ ਨਹੀ ਸੀ ਜਿਸਤੋ ਸਾਫ ਸਾਫ ਸਪੱਸ਼ਟ ਹੈ ਕਿ ਸਾਨੂੰ ਮਤੇ ਦੀ ਕਾਪੀ ਦੇਣ ਸਮੇ ਵੀ ਇਹ ਮਤਾ ਕੋਰਮ ਵਿਚ ਪਾਸ ਨਹੀ ਸੀ ਅਤੇ ਬਾਅਦ ਵਿਚ ਇਸ ਮਤੇ ਉਪਰ ਦਸਤਖਤ ਵਗੈਰਾ ਕਰਵਾਏ ਗਏ ਹਨ।

( ਅ ) ਇਹ ਵੀ ਦੱਸਣਾਂ ਜਰੂਰੀ ਹੈ ਕਿ ਇਸ ਮਤੇ ਦੇ ਉਪਰ ਜੋ ਕਥਨ ਟੀਚਰਾਂ ਦੇ ਬਿਲ ਆਦਿ ਭਰਨ ਜਾਂ ਲੜਾਈ ਝਗੜਾ ਕਰਨ ਦੇ ਦਰਜ ਕੀਤੇ ਗਏ ਹਨ ਉਹ ਸਰਾਸਰ ਗਲਤ ਸੀ ਅਤੇ ਗਰਾਮ ਪੰਚਾਇਤ ਦੇ ਰਿਕਾਰਡ ਵਿਚ ਟੀਚਰਾਂ ਦੀ ਲੜਾਈ ਹੋਣ ਜਾਂ ਬਿਲ ਆਦਿ ਭਰਨ ਸਬੰਧੀ ਕਿਸੇ ਪੈਦਾ ਹੋਏ ਵਿਵਾਦ ਸਬੰਧੀ ਕੋਈ ਵੀ ਦਸਤਾਵੇਜ਼ ਮੌਜੂਦ ਨਹੀ ਹੈ। ਇਸ ਤਰਾਂ ਸਪੱਸਟ ਹੈ ਕਿ ਇਹ ਕੇਵਲ ਤੇ ਕੇਵਲ ਫਰਜੀ ਕਹਾਣੀ ਬਣਾਕੇ ਮਤਾ ਪਾਇਆ ਗਿਆ ਹੈ।ਵੈਸੇ ਵੀ ਇਹ ਕੰਮ ਸਿਖਿਆ ਵਿਭਾਗ ਦਾ ਸੀ ਨਾਂ ਕਿ ਵਿਕਾਸ ਵਿਭਾਗ ਦਾ ਹੈ।ਵਿਕਾਸ ਵਿਭਾਗ ਵਲੋ ਵੀ ਗੈਰ ਕਾਨੂੰਨੀ ਢੰਗ ਨਾਲ ਅਜਿਹਾ ਕੀਤਾ ਗਿਆ ਹੈ।

7. ਗਰਾਮ ਪੰਚਾਇਤ, ਬਿੰਜੋਕੀ ਕਲਾਂ ਦਾ ਹੱਦਬਸਤੀਨੰਬਰ 109/50 ਅਤੇ ਗਰਾਮ ਪਚੰਾਇਤ, ਬਿੰਜੋਕੀ ਖੁਰਦ ਦਾ ਹੱਦਬਸਤ ਨੰਬਰ 51 ਹੈ। ਇਸ ਪ੍ਰਕਾਰ ਦੋਵੇ ਪੰਚਾਇਤਾਂ ਦੇ ਹੱਦਬਸਤੀ ਨੰਬਰ ਵੱਖਰੇ 2 ਹੋਣ ਕਰਕੇ ਕਿਸੇ ਦੂਸਰੀ ਗਰਾਮ ਸਭਾ ਦੇ ਮੈਬਰ ਜਾਂ ਸਰਪੰਚ ਪੰਚ ਨੂੰ ਸਾਡੀ ਪੰਚਾਇਤ ਦੀ ਕਾਰਵਾਈ ਰਜਿਸਟਰ ਵਿਚ ਦਸਤਖਤ ਕਰਨ ਜਾਂ ਪੰਚਾਇਤੀ ਮਤਾ ਪਾਸ ਕਰਨ ਦਾ ਕੋਈ ਕਾਨੂੰਨੀ ਹੱਕ ਨਹੀ ਬਣਦਾ । ਇਸ ਤਰਾਂ ਬਿੰਜੋਕੀ ਕਲਾਂ ਦੇ ਉਸ ਸਮੇ ਦੇ ਸਰਪੰਚ ਨੇ ਸਿਆਸੀ ਦਬਾਓ ਕਾਰਨ ਹੀ ਅਜਿਹਾ ਕਰਕੇ ਆਪਣੇ ਅਧਿਕਾਰਾਂ ਦੀ ਦੁਰ ਵਰਤੋ ਕੀਤੀ ਹੈ।

8 ਹੁਣ ਚੇਅਰਮੈਨ,ਸਕੂਲ ਮੈਨੇਜਮੈਟ ਕਮੇਟੀ, ਬਿੰਜੋਕੀ ਕਲਾਂ ਨੂੰ 3.00 ਲੱਖ ਰੁਪੈ ਸਕੂਲ ਵਿਚ ਕਮਰਿਆ ਦੀ ਉਸਾਰੀ ਲਈ ਪ੍ਰਵਾਨ ਹੋਣ ਸਬੰਧੀ ਪਤਾ ਲੱਗਿਆ ਹੈ ਅਤੇ ਇਹ ਕਮੇਟੀ ਹੁਣ ਵੀ ਸਿਆਸੀ ਦਬਾਓ ਅਤੇ ਜਬਰਦਸਤੀ ਸੀਨਾਜੋਰੀ ਦੇ ਨਾਲ ਇਹ ਗਰਾਂਟ ਸਾਡੇ ਪਿੰਡ ਦੀ ਹੱਦਬਸਤ ਵਿਚ ਬਣੇ ਸਕੂਲ ਦੇ ਅੰਦਰ ਹੀ ਖਰਚ ਕਰਨਾਂ ਚਾਹੁੰਦੀ ਹੈ ਜ਼ੋ ਕਿ ਸਰਾਸਰ ਗਲਤ ਹੈ ਕਿਉਕਿ ਬੀਤੇ ਦਿਨੀ ਪੰਚਾਇਤ ਅਫਸਰ ਸਾਹਿਬ ਸਾਡੇ ਪਿੰਡ ਵਿਖੇ ਇਸ ਸਬੰਧੀ ਮੌਕਾ ਵੇਖਣ ਆਏ ਸਨ ਜਿੰਨਾਂ ਨੇ ਸਾਡੇ ਤੇ ਦਬਾਓ ਬਣਾਇਆ ਕਿ ਇਹ ਗਰਾਂਟ ਇਸੇ ਸਕੂਲ ਵਿਚ ਹੀ ਖਰਚ ਹੋਵੇਗੀ ਜੇਕਰ ਕੋਈ ਵਿਰੋਧ ਕਰੇਗਾ ਤਾਂ ਉਸ ਵਿਰੁੱਧ ਪੁਲਿਸ ਕੇਸ ਦਰਜ਼ ਕਰਵਾਇਆ ਜਾਵੇਗਾ।ਇਸ ਪ੍ਰਕਾਰ ਉਹ ਕੇਵਲ ਮੌਕਾ ਵੇਖਕੇ ਪ੍ਰਸਾਸਨ ਨੂੰ ਰਿਪੋਰਟ ਤਾਂ ਕਰ ਸਕਦੇ ਹਨ ਪਰ ਆਪਣੇ ਅਧਿਕਾਰਾਂ ਦੀ ਦੁਰ ਵਰਤੋ ਕਰਨਾਂ ਉਨਾਂ ਦੇ ਅਧਿਕਾਰ ਖੇਤਰ ਤੋ ਬਾਹਰ ਦੀ ਗੱਲ ਹੈ।

ਸਤਿਕਾਰ ਯੋਗ ਮੈਡਮ ਜੀਓ, ਆਪਜੀ ਦੇ ਧਿਆਨ ਵਿਚ ਇਹ ਵੀ ਲਿਆਉਣਾਂ ਚਾਹੁੰਦੇ ਹਾਂ ਕਿ ਅਜਿਹਾ ਹੀ ਇਕ ਮਸਲਾ ਗਰਾਮ ਪੰਚਾਇਤ,ਬਰਕਤਪੁਰਾ ਵਿਖੇ ਵੀ ਉਜਾਗਰ ਹੋਇਆ ਸੀ ਅਤੇ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਖੇ ਚਲਾ ਗਿਆ ਸੀ। ਮਾਨਯੋਗ ਅਦਾਲਤ ਨੇ ਆਪਣੇ ਫੈਸਲੇ ਵਿਚ ਸਪੱਸਟ ਲਿਖਿਆ ਸੀ ਕਿ ਜਿਸ ਗਰਾਮ ਪੰਚਾਇਤ ਨੂੰ ਜ਼ੋ ਗਰਾਂਟ ਪ੍ਰਾਪਤ ਹੁੰਦੀ ਹੈ

Scanned with CamScanner

Scanned by CamScanner

ਉਹ ਉਸੇ ਗਰਾਮ ਪੰਚਾਇਤ ਦੀ ਸਭਾ ਦੇ ਅੰਦਰ ਅੰਦਰ ਖਰਚ ਕੀਤੀ ਜਾਵੇਗੀ।ਅਜਿਹਾ ਫੈਸਲਾ ਮੰਗਵਾਕੇ ਵੀ ਵੇਖਿਆ ਜਾ ਸਕਦਾ ਹੈ।

ਇਹ ਆਪਜੀ ਦੇ ਅਗਾਊ ਇਸ ਕਰਕੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਕ੍ਰਿਪਾ ਕਰਕੇ ਗਰਾਮ ਪੰਚਾਇਤ, ਬਿੰਜੋਕੀ ਕਲਾ ਦੀ ਸਕੂਲ ਮੈਨੇਜਮੈਂਟ ਕਮੇਟੀ ਨੂੰ ਹਦਾਇਤ ਕਰੋ ਕਿ ਉਹ ਇਹ ਗਰਾਂਟ ਗਰਾਮ ਪੰਚਾਇਤ, ਬਿੰਜੋਕੀ ਕਲਾਂ ਦੀ ਸਭਾ ਦੇ ਅੰਦਰ ਹੀ ਇਸ ਗਰਾਂਟ ਨੂੰ ਖਰਚ ਕਰਨ ਅਤੇ ਇਸ ਮੰਤਵ ਲਈ ਉਨਾਂ ਦੇ ਪਾਸ ਜਗ੍ਹਾ ਵੀ ਉਪਲੱਬਧ ਹੈ ਕਿਊਕਿ ਪਿੰਡ ਦੇ ਬਹੁ ਗਿਣਤੀ ਲੋਕ ਗਰਾਮ ਪੰਚਾਇਤ ਤੇ ਇਹ ਦਬਾਓ ਬਣਾ ਰਹੇ ਹਨ ਕਿ ਕਿਸੇ ਦੂਸਰੇ ਪਿੰਡ ਦੇ ਪ੍ਰੈਸਰ ਅਧੀਨ ਗਰਾਂਟ ਸਾਡੇ ਪਿੰਡ ਵਿੱਚ ਖਰਚ ਨਾਂ ਕਰਵਾਈ ਜਾਵੇ ਅਤੇ ਕਿਸੇ ਕਾਰਨ ਜੇਕਰ ਅਦਾਲਤੀ ਸਹਾਰੇ ਦੀ ਲੋੜ ਹੋਵੇ ਜਰੂਰ ਲਈ ਜਾਵੇ।

ਕਿਰਪਾ ਕਰਕੇ ਸਾਡੀ ਪ੍ਰਤੀ ਬੇਨਤੀ ਵਿਚ ਦਰਸਾਏ ਤੱਥਾ ਨੂੰ ਸਵੀਕਾਰ ਕਰਨ ਦੀ ਕ੍ਰਿਪਾਲਤਾ ਕਰਦੇ ਹੋਏ ਚੇਅਰਮੈਨ, ਸਕੂਲ ਮੈਨੇਜਮੈਂਟ ਕਮੇਟੀ ਬਿੰਜੋਕੀ ਕਲਾਂ ਨੂੰ ਲੋੜੀਦੀ **Directions** ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ਜਾਂ ਜਿਲਾ ਸਿਖਿਆ ਅਫਸਰ ਪ੍ਰਾਇਮਰੀ,ਸੰਗਰੂਰ / ਬੀ.ਪੀ.ਈ.ਓ ਮਲੇਰਕੋਟਲਾਂ ਨੂੰ ਲੋੜੀਦੀ ਕਾਰਵਾਈ ਲਈ ਲਿਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ਤਾਂ ਜ਼ੋ ਦੋਵੇ ਪਿੰਡ ਦੀ ਆਪਸੀ ਭਾਈਚਾਰਕ ਸਾਂਝ ਬਣੀ ਰਹੇ ਅਤੇ ਦੋਵੇ ਪਿੰਡ ਦੇ ਵਸਨੀਕਾਂ ਦਾ ਕਿਸੇ ਕਿਸਮ ਦਾ ਝਗੜਾ ਵੀ ਪੈਦਾ ਨਾਂ ਹੋਵੇ ਜੀ।

ਨੱਥੀ: ਉਕਤ ਅਨੁਸਾਰ।

ਮਿਤੀ 19.3.2019

ਆਪਜੀ ਦੇ ਸ਼ੁਭਚਿੰਤਕ,

ਸਰਪੰਚ/ਪੰਚ/ਨਗਰ ਨਿਵਾਸੀ
ਪਿੰਡ ਬਿੰਜੋਕੀ ਖੁਰਦ,ਬਲਾਕ ਮਲੇਰਕੋਟਲਾ1
ਜਿਲ੍ਹਾ ਸੰਗਰੂਰ।

ਇਸ ਪੱਤਰ ਦੀਆਂ ਰਜਿਸਟਰਡ ਕਾਪੀਆ ਹੇਠ ਲਿਖਿਆ
ਦੀ ਸੇਵਾ ਵਿਚ ਤੁਰੰਤ ਸੂਚਨਾਂ ਅਤੇ ਲੋੜੀਦੀ ਕਾਰਵਾਈ
ਵਾਸਤੇ ਭੇਜੀਆ ਜਾਂਦੀਆਂ ਹਨ :-

1. ਡਾਇਰੈਕਟਰ,ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ,ਪੰਜਾਬ
ਵਿਕਾਸ ਭਵਨ,ਐਸ.ਏ.ਐਸ.ਨਗਰ ਸੈਕਟਰ 62 ਮੁਹਾਲੀ।

2 ਡਿਪਟੀ ਕਮਿਸਨਰ,ਸੰਗਰੂਰ

3. ਉਪ ਮੰਡਲ ਮੈਜਿਸਟਰੇਟ, ਮਲੇਰਕੋਟਲਾ।

4. ਉਪ ਕਪਤਾਨ ਪੁਲਿਸ,ਅਮਰਗੜ੍ਹ /ਮੁੱਖ ਥਾਣਾ ਅਫਸਰ,ਅਮਰਗੜ੍ਹ

Scanned with CamScanner

Scanned by CamScanner